ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਫੇਜ-8 ਐਸ.ਏ.ਐਸ. ਨਗਰ
( ਅਮਲਾ-3 ਸਾਖਾ

ਵੱਲ,

1 ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ)ਪੰਜਾਬ , **ਨੋਟਿਸ ਬੋਰਡ ਅਤੇ ਵੈਬਸਾਈਟ ਰਾਹੀ**
2 ਸਮੂਹ ਜਿਲਾ ਸਿੱਖਿਆ ਅਫਸਰ (ਐਸਿ)ਪੰਜਾਬ
3 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ।
4 ਸਮੂਹ ਸਕੂਲ ਮੁੱਖੀ , ਪ੍ਰਿੰਸੀਪਲ ।

ਮੀਮੋ ਨੰ: 16/1 - 18 ਅਮਲਾ-3(ਐਚ-1) 2019917
ਮਿਤੀ : 8/1/19

ਵਿਸਾ : ਮਾਸਟਰ ਕਾਡਰ ਦੇ ਸਮੂਹ ਕਰਮਚਾਰੀਆਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਵੱਲੋ e HRMS ਵਿੱਚ ਆਪਣਾ ਸਰਵਿਸ ਰਿਕਾਰਡ update ਕਰਨ ਅਤੇ ਸਾਲ 2017-18 ਤੱਕ ਸਾਰੀਆਂ ਸਲਾਨਾ ਗੁਪਤ ਰਿਪੋਰਟਾਂ ਮਿਤੀ 13-01-19 ਤੱਕ ਅਪਲੋਡ ਕਰਨ ਸਬੰਧੀ ।

1 ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਸਟਰ ਕਾਡਰ ਦੀ ਸੀਨੀਆਰਤਾ ਫਾਈਨਲ ਕੀਤੀ ਜਾ ਰਹੀ ਹੈ । ਜਲਦ ਹੀ ਇਸਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤਾ ਜਾਵੇਗਾ ।

2 ਵਿਭਾਗ ਵੱਲੋ ਮਾਸਟਰ ਤੋ ਮੁੱਖ ਅਧਿਆਪਕ ਕਾਡਰ ਵਿੱਚ ਪ੍ਰਮੋਸ਼ਨ ਕਰਨ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ । ਇਨ੍ਹਾਂ ਤਰੱਕੀਆਂ ਲਈ ਮਾਸਟਰਾਂ ਦੀਆਂ ਪਿਛਲੇ ਪੰਜ ਸਾਲਾਂ (ਸਾਲ 2013-14 ਤੋ 2017-18) ਦੀਆਂ ਏ.ਸੀ.ਆਰਜ ਘੋਖੀਆਂ ਜਾਣੀਆਂ ਹਨ ।

3 e HRMS ਡਾਟਾ ਵੇਖਣ ਤੇ ਪਾਇਆ ਗਿਆ ਹੈ ਕਿ ਮਾਸਟਰ ਕਾਡਰ ਦੇ ਕਾਫੀ ਕਰਮਚਾਰੀਆਂ ਵੱਲੋ e HRMS ਵਿੱਚ ਅਜੇ ਤੱਕ ਆਪਣਾ ਸਰਵਿਸ ਰਿਕਾਰਡ update ਨਹੀ ਕੀਤਾ ਗਿਆ ਅਤੇ ਸਾਲ 2017-18 ਤੱਕ ਦੀਆਂ ਸਾਰੀਆਂ ਸਲਾਨਾ ਗੁਪਤ ਰਿਪੋਰਟਾਂ ਅਪਲੋਡ ਨਹੀ ਕੀਤੀਆਂ ਗਈਆਂ ।

4 ਇਸ ਪੱਤਰ ਰਾਹੀ ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲੇ ਦੇ ਸਾਰੇ ਸਕੂਲਾਂ ਦੇ ਮਾਸਟਰ ਕਾਡਰ ਦੇ ਕਰਮਚਾਰੀਆਂ ਦਾ ਸਰਵਿਸ ਰਿਕਾਰਡ e HRMS ਵਿੱਚ update ਕੀਤਾ ਜਾਵੇ ਅਤੇ ਹਰੇਕ ਮਾਸਟਰ ਦੀਆਂ ਸਾਲ 2017-18 ਤੱਕ ਦੀਆਂ ਸਾਰੀਆਂ ਸਲਾਨਾ ਗੁਪਤ ਰਿਪੋਰਟਾਂ e HRMS ਵਿੱਚ ਮਿਤੀ 13-01-19 ਤੱਕ ਹਰ ਹਾਲਤ ਵਿੱਚ ਅਪਲੋਡ ਕੀਤਾ ਜਾਣ । ਇਹ ਕੰਮ ਮਿਥੇ ਸਮੇ ਦੇ ਅੰਦਰ ਅੰਦਰ ਪੂਰਾ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ।

5 ਸਲਾਨਾ ਗੁਪਤ ਰਿਪੋਰਟਾਂ ਦੀ ਅਣਹੋਂਦ ਵਿੱਚ ਤਰੱਕੀਆਂ ਲਈ ਕੇਸ ਵਿਚਾਰਨੇ ਸੰਭਵ ਨਹੀ ਹੋਣਗੇ ਅਤੇ ਇਸਦੀ ਜਿੰਮੇਵਾਰੀ ਸਿੱਧੇ ਤੌਰ ਤੇ ਸਬੰਧਤ ਜਿਲਾ ਸਿੱਖਿਆ ਅਫਸਰ,ਸਕੂਲ ਮੁੱਖੀ ਅਤੇ ਕਰਮਚਾਰੀ ਦੀ ਹੋਵੇਗੀ ।

6 ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਵਿਭਾਗ ਦੇ ਨਵੇ ਰੂਲਜ ਮਿਤੀ 07-06-2018 ਅਨੁਸਾਰ ਮੁੱਖ ਅਧਿਆਪਕ ਕਾਡਰ ਵਿੱਚ 50 ਪ੍ਰਤੀਸਤ ਪ੍ਰਮੋਸ਼ਨ ਅਤੇ 50 ਪ੍ਰਤੀਸਤ ਸਿੱਧੀ ਭਰਤੀ ਦਾ ਉਪਬੰਧ ਕੀਤਾ ਗਿਆ ਹੈ । 50 ਪ੍ਰਤੀਸਤ ਤਰੱਕੀ ਵਿੱਚ 48 ਪ੍ਰਤੀਸਤ ਤਰੱਕੀ ਮਾਸਟਰ ਕਾਡਰ ਤੋ ਅਤੇ 2 ਪ੍ਰਤੀਸਤ ਤਰੱਕੀ ਬਲਾਕ ਪ੍ਰਾਇਮਰੀ ਸਿੱਖਿਆ

ਅਫਸਰਾਂ ਵਿੱਚੋ ਕੀਤੀ ਜਾਣੀ ਹੈ । ਇਸ ਲਈ ਬੇਨਤੀ ਹੈ ਕਿ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦਾ ਸਰਵਿਸ ਰਿਕਾਰਡ e HRMS ਵਿੱਚ update ਕੀਤਾ ਜਾਵੇ ਅਤੇ ਸਾਲ 2017-18 ਤੱਕ ਦੀਆਂ ਸਾਰੀਆਂ ਏ.ਸੀ.ਆਰਜ ਵੀ e HRMS ਵਿੱਚ ਮਿਤੀ 13-01-19 ਤੱਕ ਅਪਲੋਡ ਕਰਨੀਆਂ ਯਕੀਨੀ ਬਣਾਈਆਂ ਜਾਣ । Requisite data ਅਪਲੋਡ ਨਾ ਹੋਣ ਦੀ ਸੂਰਤ ਵਿੱਚ ਕੇਸ ਤਰੱਕੀਆਂ ਲਈ ਵਿਚਾਰਨਾ ਸੰਭਵ ਨਹੀ ਹੋਵੇਗਾ ਅਤੇ ਇਸ ਲਈ ਸਬੰਧਤ ਜਿਲਾ ਸਿੱਖਿਆ ਅਫਸਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਿੱਧੇ ਤੌਰ ਤੇ ਜਿੰਮੇਵਾਰ ਹੋਣਗੇ ।

7 e HRMS ਦੇ ਡਾਟਾ ਨੂੰ ਦੇਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਕਈ ਮਾਸਟਰ ਕਾਫੀ ਸਮਾਂ ਪਹਿਲਾਂ ਬਤੌਰ ਮੁੱਖ ਅਧਿਆਪਕ ਜਾਂ ਲੈਕਚਰਾਰ ਪ੍ਰਮੋਟ ਕੀਤੇ ਜਾ ਚੁੱਕੇ ਹਨ ਪ੍ਰੰਤੂ e HRMS ਵਿੱਚ designation ਵਿੱਚ ਹਾਲੇ ਵੀ ਉਨ੍ਹਾਂ ਨੂੰ ਬਤੌਰ ਮਾਸਟਰ ਹੀ ਦਰਸਾਇਆ ਗਿਆ ਹੈ । ਸਰਵਿਸ ਰਿਕਾਰਡ update ਕਰਨ ਸਮੇ designation ਦੀ ਦਰੁੱਸਤੀ ਵੀ ਕਰਨੀ ਯਕੀਨੀ ਬਣਾਈ ਜਾਵੇ ।

ਸਹਾਇਕ ਡਾਇਰੈਕਟਰ (ਐਸ)

ਪਿੱਠ ਅੰਕਣ ਨੰ: ਉਕਤ ਮਿਤੀ : 8|1|19

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ :-

1 ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ।

2 ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ ।

3 ਇੰਚਾਰਜ ਐਮ.ਆਈ.ਐਸ. ਵਿੰਗ ਦਫਤਰ ਡੀ.ਜੀ.ਐਸ.ਈ. ਨੂੰ ਭੇਜਕੇ ਲਿਖਿਆ ਜਾਦਾ ਹੈ ਕਿ e HRMS ਵਿੱਚ ਉਕਤ ਅਨੁਸਾਰ requisite data ਅਪਲੋਡ ਕੀਤੇ ਜਾਣ ਲਈ ਸਿਸਟਮ ਨੂੰ ਤਤਕਾਲ ਸਮੇ ਤੋ unlocked ਕੀਤਾ ਜਾਵੇ ਅਤੇ ਮਿਤੀ 13-01-19 ਤੱਕ unlocked ਰੱਖਿਆ ਜਾਵੇ ਅਤੇ ਮਿਤੀ 14-01-19 ਨੂੰ ਮਾਸਟਰ ਕਾਡਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦਾ ਸਰਵਿਸ ਰਿਕਾਰਡ ਅਤੇ ਏ.ਸੀ.ਆਰਜ ਸਬੰਧੀ ਡਾਟਾ ਇਸ ਦਫਤਰ ਦੀ ਈਮੇਲ ਆਈ.ਡੀ.adsadpise@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ । ਇਸ ਡਾਟੇ ਵਿੱਚ ਕਰਮਚਾਰੀਆਂ ਦਾ ਜਿਲਾਂ ,ਸਕੂਲ ਦਾ ਨਾਮ ,ਜਨਮ ਮਿਤੀ ਅਤੇ ਹਾਜਰ ਹੋਣ ਦੀ ਮਿਤੀ ਜਰੂਰ ਦਰਸਾਈ ਜਾਵੇ ।

ਸਹਾਇਕ ਡਾਇਰੈਕਟਰ (ਐਸ)